# First Term Examination (21 September 2017)

**Class - IX**
**Paper - Punjabi**
**Set - B**

**Time: 3 hrs.** **MM: 80**

**1) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇਕ ਵਾਕ ਵਿੱਚ ਦਿਓ:** **(4×1=4)**

ੳ) ਜੀਊਣਾ ਕਮਾਦ ਸਿੰਝਣ ਲਈ ਕਿਹੜੇ ਖੂਹ ਉੱਤੇ ਗਿਆ?

ਅ) ਕਈ ਵਾਰੀ ਬੇਰੁਜ਼ਗਾਰ ਕੁੜੀਆਂ ਦਾ ਇਕੱਠ ਪਾਣੀ ਵਾਲੀਆਂ ਟੈਂਕੀਆਂ 'ਤੇ ਚੜ੍ਹ ਕੇ ਕੀ ਕਰਨ ਲਈ ਮਜ਼ਬੂਰ ਹੋ ਜਾਂਦਾ ਹੈ?

ੲ) 'ਕਬੱਡੀ' ਪਾਠ ਕਿਸ ਦੀ ਰਚਨਾ ਹੈ?

ਸ) 'ਗੱਪ ਬਾਜ਼' ਪਾਠ ਅਨੁਸਾਰ ਅੱਜ ਤੋਂ ਦੋ ਸੌ ਸਾਲ ਪਹਿਲਾਂ ਲਾਲ ਕਿਲ੍ਹਾ ਕਿੱਥੇ ਸੀ?

**2) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 30-35 ਸ਼ਬਦਾਂ ਵਿੱਚ ਲਿਖੋ:** **(6×2=12)**

ੳ) ਜੀਊਣਾ ਅੱਗ ਬਗੂਲਾ ਕਿਉਂ ਹੋ ਗਿਆ ਸੀ?

ਅ) ਕੀ ਲੋਕ ਆਪਣੇ ਬੱਚਿਆਂ ਨੂੰ ਵਿਦੇਸ਼ ਭੇਜ ਕੇ ਸੰਤੁਸ਼ਟ ਹਨ? 'ਪ੍ਰਦੇਸ ਨਾ ਤੂੰ ਤੋਰੀ ਬਾਬਲਾ' ਕਹਾਣੀ ਦੇ ਅਧਾਰ ਤੇ ਉੱਤਰ ਦਿਉ।

ੲ) ਭਗਤ ਸਿੰਘ ਦੀ ਜੇਬ ਵਿੱਚ ਕਿਸ ਦੀ ਤਸਵੀਰ ਰਹਿੰਦੀ ਸੀ ਤੇ ਕਿਉਂ?

ਸ) ਪੁਲਾੜ ਵਿਗਿਆਨੀ ਕਲਪਨਾ ਚਾਵਲਾ ਦਾ ਬਚਪਨ ਕਿਸ ਤਰ੍ਹਾਂ ਬੀਤਿਆ?

ਹ) ਮਹਾਤਮਾ ਬੁੱਧ ਦੇ ਚੇਲੇ ਪੁੱਟਾ ਨੇ ਉਨ੍ਹਾਂ ਦੀ ਪ੍ਰਸੰਸਾ ਵਿੱਚ ਕੀ ਕਿਹਾ?

ਕ) ਕਲਪਨਾ ਚਾਵਲਾ ਦੇ ਜੀਵਨ ਤੋਂ ਸਾਨੂੰ ਕੀ ਪ੍ਰੇਰਨਾ ਲੈਣੀ ਚਾਹੀਦੀ ਹੈ?

**3) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 100-125 ਸ਼ਬਦਾਂ ਵਿੱਚ ਲਿਖੋ।** **(1×5=5)**

'ਕਿਰਤ ਦਾ ਸਤਿਕਾਰ' ਇਕਾਂਗੀ ਦੇ ਪਾਤਰ ਕੇਸਰ ਦੀ ਪਾਤਰ ਉਸਾਰੀ ਕਰੋ।

**ਜਾਂ**

'ਸਿੰਮਲ ਰੁਖੁ ਸਰਾਇਰਾ' ਸ਼ਬਦ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ।

**4) ਕਦਰਾਂ ਕੀਮਤਾਂ ਤੇ ਅਧਾਰਤ** **(4)**

'ਮਾਂ-ਖੇਡ ਕਬੱਡੀ ਨੂੰ ਉਤਸ਼ਾਹਤ ਕਰਨ ਲਈ ਸਰਕਾਰ ਯਤਨਸ਼ੀਲ ਹੈ' ਕੀ ਤੁਸੀਂ ਇਸ ਗੱਲ ਨਾਲ ਸਹਿਮਤ ਹੋ? ਇਸ ਸੰਬੰਧੀ ਆਪਣੇ ਵਿਚਾਰ 100-125 ਸ਼ਬਦਾਂ ਵਿੱਚ ਲਿਖੋ।

Set- B

**5ੳ) ਹੇਠ ਲਿਖੇ ਅਣਡਿੱਠੇ ਪੈਰ੍ਹੇ ਨੂੰ ਪੜ੍ਹ ਕੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ:**

ਲੇਖ ਲਿਖਣਾ ਸੱਚ-ਮੁੱਚ ਇੱਕ ਸਾਹਿਤਕ ਹੁਨਰ ਜਾਂ ਕਲਾ ਹੈ। ਦਿਸਣ ਨੂੰ ਤਾਂ ਲੇਖ ਲਿਖਣਾ ਕੋਈ ਮੁਸ਼ਕਲ ਕੰਮ ਨਹੀਂ ਦਿੱਸਦਾ, ਪਰ ਅਸਲ ਵਿੱਚ ਇਹ ਬਾਕੀ ਸਾਹਿਤ ਦੇ ਅੰਗਾਂ ਨਾਲੋਂ ਕਾਫ਼ੀ ਮੁਸ਼ਕਲ ਹੈ। ਇਸ ਲਈ ਕੇਵਲ ਉਸ ਚੀਜ਼ ਦੀ ਹੀ ਲੋੜ ਨਹੀਂ ਕਿ ਲਿਖਾਰੀ ਨੂੰ ਉਸੇ ਵਿਸ਼ੇ ਬਾਰੇ ਪੂਰਾ-ਪੂਰਾ ਗਿਆਨ ਹੋਵੇ ਜਿਸ ਬਾਰੇ ਕਿ ਉਸ ਨੇ ਲੇਖ ਲਿਖਣਾ ਅਰੰਭ ਕੀਤਾ ਹੈ, ਸਗੋਂ ਉਸ ਨਾਲੋਂ ਵੀ ਵਧੇਰੇ ਲੋੜ ਉਸ ਹੁਨਰ ਜਾਂ ਕਲਾ ਦੀ ਹੈ ਜਿਸ ਰਾਹੀਂ ਕਿ ਉਹ ਆਪਣੇ ਗਿਆਨ ਨੂੰ ਸਰਲਤਾ ਨਾਲ਼ ਸਾਹਿਤ ਪਾਠਕ ਤੱਕ ਪੁਚਾ ਸਕੇ, ਕਿਉਂਕਿ ਸਾਹਿਤ ਦੇ ਇਸ ਅੰਗ ਵਿੱਚ ਗਿਆਨ ਬਾਕੀ ਦੇ ਅੰਗਾਂ ਨਾਲੋਂ ਕੁਝ ਵਧੇਰੇ ਹੁੰਦਾ ਹੈ। ਇਸ ਲਈ ਬੜਾ ਡਰ ਹੁੰਦਾ ਹੈ ਕਿ ਸਾਰੀ ਚੀਜ਼ ਫਿਕੀ-ਫਿਕੀ ਜਿਹੀ ਨਾ ਹੋ ਜਾਵੇ, ਕਿਉਂਕਿ ਜੇ ਲੇਖ ਵਿੱਚ ਫਿਕਾਪਨ ਆ ਗਿਆ ਤਾਂ ਪਾਠਕ ਪੜ੍ਹਨ ਹੀ ਨਹੀਂ ਲੱਗਦੇ। ਹਰ ਇੱਕ ਹੁਨਰ ਅਭਿਆਸ ਨਾਲ ਆਉਂਦਾ ਹੈ। ਕਿਤਾਬਾਂ ਵਿੱਚੋਂ ਹੁਨਰੀ ਸਿੱਖਿਆ ਪੜ੍ਹ ਲੈਣ ਜਾਂ ਕਿਸੇ ਨੂੰ ਕੋਈ ਹੁਨਰੀ ਕਾਰਜ ਕਰਦਿਆਂ ਵੇਖਦੇ ਰਹਿਣ ਨਾਲ ਨਹੀਂ ਆ ਸਕਦਾ। ਲਿਖਾਈ ਨੂੰ ਹੀ ਲੈ ਲਵੋ। ਕਈ ਵਿਦਿਆਰਥੀ ਅਜਿਹੀ ਸੁੰਦਰ ਲਿਖਾਈ ਕਰਦੇ ਹਨ ਜਿਵੇਂ ਮੋਤੀਆਂ ਦੀਆਂ ਲੜੀਆਂ ਪਰੋਤੀਆਂ ਹੁੰਦੀਆਂ ਹਨ, ਪਰ ਕਈ ਬੀ.ਏ., ਐੱਮ.ਏ. ਪਾਸ ਵੀ ਅਜਿਹੀ ਲਿਖਾਈ ਕਰਦੇ ਹਨ ਜਿਵੇਂ ਛੋਟੀਆਂ ਜਮਾਤਾਂ ਦੇ ਬੱਚੇ। ਜਿਹੜੇ ਵਿਦਿਆਰਥੀ ਹਰ ਰੋਜ਼ ਲਿਖਣ ਦਾ ਅਭਿਆਸ ਨਹੀਂ ਕਰਦੇ ਉਹ ਭਾਵੇਂ ਕਿਤਨੀਆਂ ਪੁਸਤਕਾਂ ਪੜ੍ਹ ਲੈਣ, ਉਹ ਸੁੰਦਰ ਲਿਖਾਈ ਨਹੀਂ ਕਰ ਸਕਦੇ। ਇਹੋ ਹਾਲ ਚਿੱਤਰਕਾਰੀ, ਫ਼ੋਟੋਗਰਾਫ਼ੀ, ਰਸੋਈ ਤੇ ਹੋਰ ਦਸਤਕਾਰੀ ਸੰਬੰਧੀ ਹੈ।

**ਪ੍ਰਸ਼ਨ 1. ਕਿਹੜਾ ਸਾਹਿਤ ਰੂਪ ਲਿਖਣਾ ਵਧੇਰੇ ਔਖਾ ਹੈ ?** (2)
**ਪ੍ਰਸ਼ਨ 2. ਸਾਹਿਤ ਲਿਖਣ 'ਚ ਹੁਨਰ ਕਿਵੇਂ ਪ੍ਰਾਪਤ ਕੀਤਾ ਜਾ ਸਕਦਾ ਹੈ ?** (2)
**ਪ੍ਰਸ਼ਨ 3. ਅਭਿਆਸ ਕਿਹੜੀਆਂ-ਕਿਹੜੀਆਂ ਕਲਾਵਾਂ ਲਈ ਜ਼ਰੂਰੀ ਹੈ ?** (2)
**ਪ੍ਰਸ਼ਨ 4. ਲੇਖ ਵਿਚ ਫਿੱਕਾਪਨ ਆਉਣ ਨਾਲ ਕੀ ਹੁੰਦਾ ਹੈ ?** (2)
**ਪ੍ਰਸ਼ਨ 5. ਪੈਰੇ ਦਾ ਢੁਕਵਾਂ ਸਿਰਲੇਖ ਲਿਖੋ।** (1)

**ਅ) ਹੇਠ ਲਿਖੀ ਅਣਡਿੱਠੀ ਕਾਵਿ-ਟੁਕੜੀ ਨੂੰ ਪੜ੍ਹ ਕੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ।**

ਪੱਕ ਗਈਆਂ ਕਣਕਾਂ, ਲੁਕਾਠ ਰੱਸਿਆ,
ਬੂਰ ਪਿਆ ਅੰਬਾਂ ਨੂੰ ਗੁਲਾਬ ਹੱਸਿਆ,
ਬਾਗਾਂ ਉੱਤੇ ਰੰਗ ਫੇਰਿਆ ਬਹਾਰ ਨੇ,
ਬੇਰੀਆਂ ਲਿਫ਼ਾਈਆ, ਟਾਹਣੀਆਂ ਦੇ ਭਾਰ ਨੇ।
ਪੁੰਗਰੀਆਂ ਵੇਲਾਂ, ਵੇਲਾਂ ਰੁੱਖੀ ਚੜ੍ਹੀਆਂ,
ਫੁੱਲਾਂ ਹੇਠਾਂ ਫਲਾਂ ਨੇ ਪਰੋਈਆਂ ਲੜੀਆਂ,
ਸਾਂਈ ਦੀ ਨਿਗਾਹ ਜੱਗ ਤੇ ਸਵੱਲੀ ਏ,
ਚੱਲ ਨੀ ਪਰੇਮੀਏ ਵਿਸਾਖੀ ਚੱਲੀਏ।

ਪ੍ਰ. ਬਹਾਰ ਰੁੱਤ ਦੇ ਆਉਣ ਨਾਲ ਵਾਤਾਵਰਨ ਵਿੱਚ ਕੀ ਤਬਦੀਲੀ ਆਈ ਹੈ? (2)
ਪ੍ਰ. ਇਨ੍ਹਾਂ ਕਾਵਿ-ਸਤਰਾਂ ਵਿੱਚ ਕਿਹੜੇ-ਕਿਹੜੇ ਫਲਾਂ ਦਾ ਜ਼ਿਕਰ ਆਇਆ ਹੈ? (2)
ਪ੍ਰ. ਵਿਸਾਖੀ ਦੇ ਮੇਲੇ ਦੀ ਕੀ ਮਹੱਤਤਾ ਹੈ? (2)



Set - B

## ਲਿਖਣ ਕੌਸ਼ਲ

**6) ਕਿਸੇ ਇਕ ਵਿਸ਼ੇ ਤੇ 200-250 ਸ਼ਬਦਾਂ ਦਾ ਲੇਖ ਲਿਖੋ:** **(10)**

**ਸ੍ਰੀ ਗੁਰੂ ਨਾਨਕ ਦੇਵ ਜੀ**

ਨੁਕਤੇ -

ਭੂਮਿਕਾ, ਜਨਮ ਅਤੇ ਬਚਪਨ, ਸੱਚਾ ਸੌਦਾ, ਵੇਈਂ ਨਦੀ ਵਿੱਚ ਪ੍ਰਵੇਸ਼, ਚਾਰ ਉਦਾਸੀਆਂ, ਕਰਮ-ਕਾਂਡਾਂ ਦਾ ਖੰਡਨ, ਨਿਡਰ ਦੇਸ ਭਗਤ, ਮਹਾਨ ਸਾਹਿਤਕਾਰ, ਜੋਤੀ ਜੋਤਿ ਸਮਾਉਣਾ

**ਜਾਂ**

**ਦਾਜ : ਇਕ ਵਿਕਰਾਲ ਸਮੱਸਿਆ**

ਨੁਕਤੇ -

ਭੂਮਿਕਾ, ਲੋਕਾਂ ਵਿੱਚ ਵਧਦਾ ਲਾਲਚ, ਵਿੱਦਿਆ ਦੀ ਥਾਂ ਦਾਜ ਨੂੰ ਅਹਿਮੀਅਤ, ਢਿੱਲੇ ਕਾਨੂੰਨ, ਨਾਰੀ ਜਾਗਰੂਕਤਾ ਦੀ ਲੋੜ, ਸਿੱਟਾ

**7) ਕਿਸੇ ਇੱਕ ਵਿਸ਼ੇ ਤੇ ਪੱਤਰ ਲਿਖੋ।** **(8)**

ਤੁਹਾਡਾ ਛੋਟਾ ਭਰਾ ਜੋ ਭੈੜੀ ਸੰਗਤ ਵਿੱਚ ਪੈ ਗਿਆ ਹੈ ਅਤੇ ਪੜ੍ਹਾਈ ਵੱਲ ਧਿਆਨ ਨਹੀਂ ਦੇ ਰਿਹਾ। ਉਸਨੂੰ ਪੱਤਰ ਲਿਖ ਕੇ ਠੀਕ ਰਸਤੇ ਤੇ ਲਿਆਉਣ ਦੀ ਕੋਸ਼ਿਸ਼ ਕਰੋ।

**ਜਾਂ**

ਵਿਦਿਆਰਥੀ ਸੰਘ ਦੇ ਸਕੱਤਰ ਵਜੋਂ ਸਕੂਲ ਦੇ ਪ੍ਰਿੰਸੀਪਲ ਨੂੰ ਪੱਤਰ ਲਿਖ ਕੇ ਵਿਦਿਆਰਥੀਆਂ ਦੀਆਂ ਮੰਗਾਂ ਤੋਂ ਜਾਣੂ ਕਰਵਾਉ।

**8) ਹੇਠਾਂ ਦਿੱਤੇ ਚਿੱਤਰ ਨੂੰ ਵੇਖ ਕੇ 50-60 ਸ਼ਬਦਾਂ ਵਿੱਚ ਵਰਨਣ ਕਰੋ:** **(7)**





Set - B

## ਵਿਆਕਰਨ (ਬਹੁ ਵਿਕਲਪੀ ਅਤੇ ਛੋਟੇ ਪ੍ਰਸ਼ਨ)

**9ੳ) 'ਬਹਾਦਰ' ਸ਼ਬਦ ਦਾ ਵਿਰੋਧੀ ਸ਼ਬਦ ਚੁਣੋ:** (3)

ੳ) ਡਰਾਕਲ ਅ) ਸੂਰਬੀਰ ੲ) ਸੂਰਮਾ ਸ) ਸੂਰਾ

**ਅ) 'ਇਮਾਨਦਾਰ' ਸ਼ਬਦ ਦਾ ਵਿਰੋਧੀ ਸ਼ਬਦ ਚੁਣੋ:**

ੳ) ਬੇਈਮਾਨ ਅ) ਖੱਪੀ ੲ) ਸੱਚਾ-ਸੁੱਚਾ ਸ) ਝੂਠਾ

**ੲ) 'ਮਿਲਾਪ' ਸ਼ਬਦ ਦਾ ਵਿਰੋਧੀ ਸ਼ਬਦ ਚੁਣੋ:**

ੳ) ਅਸਹਿ ਅ) ਵਿਛੋੜਾ ੲ) ਮਿਲਣਾ ਸ) ਲੱਭਣਾ

**10ੳ) 'ਸਪੇਰਾ' ਸ਼ਬਦ ਦਾ ਇਸਤਰੀ ਲਿੰਗ ਚੁਣੋ:** (3)

ੳ) ਸਪੇਰੇ ਅ) ਸੱਪ ੲ) ਸਪੇਰਨ ਸ) ਸਪਰੇਟਾ

**ਅ) 'ਪੰਡਤਾਣੀ' ਸ਼ਬਦ ਦਾ ਪੁਲਿੰਗ ਚੁਣੋ:**

ੳ) ਪੰਡਤਾਣੀਆਂ ਅ) ਬ੍ਰਾਹਮਣ ੲ) ਪੰਡਤ ਸ) ਪੰਡਤਾਂ

**ੲ) ਹੇਠ ਲਿਖਿਆਂ ਵਿੱਚੋਂ ਪੁਲਿੰਗ ਚੁਣੋ:**

ੳ) ਮੋਰਨੀ, ਫੌਜਣ, ਤੋਤੀ ਅ) ਬਾਬਾ, ਚਾਚਾ, ਤਾਇਆ

ੲ) ਸਬਜ਼ੀ, ਜਮਾਤ, ਕੁਰਸੀ ਸ) ਲੜਕੀ, ਦਾਦੀ, ਭੈਣ

**11) ਹੇਠ ਲਿਖੇ ਵਾਕਾਂ ਨੂੰ ਸ਼ੁੱਧ ਕਰਕੇ ਲਿਖੋ:** (3)

ੳ) ਕੁੜੀ ਨੇ ਸਕੂਟਰ ਚਲਾਈ।

ਅ) ਤੁਸੀਂ ਜਾਣਾ ਹੈ ਕਦੋਂ ਦਿੱਲੀ?

ੲ) ਪ੍ਰਸਿੱਧ ਗੀਤਕਾਰ ਹੈ ਸ਼ਿਵ ਕੁਮਾਰ ਬਟਾਲਵੀ।

**12ੳ)** ਵਿਸਮਿਕ ਕਿੰਨੀ ਪ੍ਰਕਾਰ ਦੇ ਹੁੰਦੇ ਹਨ? (3)

ਅ) 'ਓਏ ਮੁੰਡਿਆ! ਚੁੱਪ ਕਰਕੇ ਬੈਠ।' ਵਾਕ ਵਿੱਚ ਕਿਸ ਪ੍ਰਕਾਰ ਦੇ ਵਿਸਮਿਕ ਦੀ ਵਰਤੋਂ ਹੋਈ ਹੈ?

ੲ) ਦੁਰ ਫਿੱਟੇ ਮੂੰਹ! ਲੱਖ ਲਾਹਨਤ! ਬੇਸ਼ਰਮ! ਵਿਸਮਿਕ ਕਿਹੜੀ ਕਿਸਮ ਦੇ ਹਨ?

**13) ਹੇਠ ਲਿਖੇ ਮੁਹਾਵਰਿਆਂ ਦੇ ਅਰਥ ਦੱਸ ਕੇ ਵਾਕਾਂ ਵਿੱਚ ਵਰਤੋ:** (3)

ਅਸਮਾਨ ਨਾਲ ਗੱਲਾਂ ਕਰਨੀਆਂ, ਉਸਤਾਦੀ ਕਰਨਾ, ਈਨ ਮੰਨਣੀ



Set - B